JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

ਕਿਰਨਜੀਤ ਕੋਰ (ਖੋਜਾਰਥੀ) ,ਡਾ. ਜੋਤੀ ਸ਼ਰਮਾ, ਐਸੋਸੀਏਟ ਪ੍ਰੋਫ਼ੈਸਰ, ਦੇਸ਼ ਭਗਤ ਯੂਨੀਵਰਸਿਟੀ

## ਸੁਖਵਿੰਦਰ ਅੰਮ੍ਰਿਤ ਗਜ਼ਲ ਕਾਵਿ ਵਿੱਚ ਉੱਭਰਦੇ ਸਰੋਕਾਰਾਂ ਦੀ ਪੇਸ਼ਕਾਰੀ

ਸੁਖਵਿੰਦਰ ਅੰਮ੍ਰਿਤ ਦਾ ਪੰਜਾਬੀ ਸਹਿਤ ਵਿੱਚ ਵੱਡਾ ਸਥਾਨ ਹੈ। ਉਸਨੇ ਆਧੁਨਿਕ ਪੰਜਾਬੀ ਕਾਵਿ ਜਗਤ ਵਿੱਚ ਵਿਲੱਖਣ ਹਸਤਾਖਰ ਵਜੋਂ ਆਪਣੀ ਪਹਿਚਾਣ ਸਥਾਪਿਤ ਕੀਤੀ ਹੈ। ਇੱਕ ਦਹਾਕੇ ਦੇ ਅਰਸੇ ਵਿੱਚ ਹੀ ਸੁਖਵਿੰਦਰ ਅੰਮ੍ਰਿਤ ਨੇ ਗਜ਼ਲ ਅਤੇ ਨਵੇ ਕਾਵਿਕ ਪ੍ਰਵਚਨ ਸਿਰਜਣ ਵਜੋਂ ਕਵਿੱਤਰੀ ਨੇ ਵੱਖਰੀ ਪਹਿਚਾਣ ਸਥਾਪਿਤ ਕਰ ਲਈ ਹੈ। ਸੁਖਵਿੰਦਰ ਅੰਮ੍ਰਿਤ ਦੇ ਮਨ ਵਿੱਚ ਕਵਿਤਾ ਦੀ ਚੇਟਕ ਬਚਪਨ ਦੇ ਉਹਨਾਂ ਭੌਲੇ ਦਿਨਾਂ ਵਿੱਚ ਹੀ ਲੱਗ ਗਈ ਸੀ ਜਦੋ ਉਹ ਸੱਤਵੀ ਅੱਠਵੀ ਜਮਾਤ ਵਿੱਚ ਪੜ੍ਹਦੀ 14 ਵਰ੍ਹਿਆ ਦੀ ਬਾਲੜੀ ਸੀ।ਉਹ ਆਪਣੇ ਅੰਦਰ ਉੱਠਦੇ ਗੀਤਾਂ ਨੂੰ ਸਕੂਲ ਦੀ ਕਾਪੀ ਤੇ ਉਤਾਰ ਲੈਦੀ ਸੀ।ਜਦੋ ਇੱਕ ਦਿਨ ਕਾਪੀ ਵਿੱਚ ਲਿਖੇ ਗੀਤ ਤੇ ਮਾਸਟਰ ਜੀ ਦੀ ਨਜਰ ਪਈ ਤਾਂ ਉਹਨਾਂ ਨੇ ਕਿਹਾ ਸੁਖਵਿੰਦਰ ਤੂੰ ਵੱਡੀ ਹੋ ਕੇ ਅੰਮ੍ਰਿਤਾ ਪ੍ਰੀਤਮ ਬਣੇਗੀ ,ਪਰ ਬਾਲੜੀ ਸੁਖਵਿੰਦਰ ਅਜੇ ਅੰਮ੍ਰਿਤਾ ਦੇ ਨਾਮ ਤੋ ਅਣਜਾਣ ਸੀ।ਪਰ ਇਸ ਦੇ ਉਲਟ ਜਦੋ ਸੁਖਵਿੰਦਰ ਦੀ ਮਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਸੁਖਵਿੰਦਰ ਨੂੰ ਡਾਟਿਆ ਤੇ ਕਿਹਾ ਚੰਗੇ ਕਬੀਲਦਾਰਾਂ ਦੀਆਂ ਕੁੜੀਆਂ ਗੀਤ ਨਹੀ ਲਿਖਿਆ ਕਰਦੀਆਂ।ਐਨਾ ਆਖਦੇ ਹੀ ਸੁਖਵਿੰਦਰ ਦੀ ਮਾਂ ਨੇ ਗੀਤਾਂ ਵਾਲੀ ਕਾਪੀ ਚੁੱਲੇ ਵਿੱਚ ਸੁੱਟ ਦਿੱਤੀ ।ਨੌਵੀ ਜਮਾਤ ਪਾਸ ਕਰਦਿਆ ਹੀ ਛੋਟੇ ਭਰਾ ਦੇ ਮੋਢੇ ਤੇ ਸੱਟ ਲੱਗਣ ਕਾਰਨ ਸੁਖਵਿੰਦਰ ਨੂੰ ਪੜ੍ਹਾਈ ਤੋ ਹਟਾ ਲਿਆ ਗਿਆ ,ਤਾਂ ਜੋ ਸੁਖਵਿੰਦਰ ਵੱਡੇ ਹੋਣ ਕਾਰਨ ਛੋਟੇ ਵੀਰ ਦਾ ਧਿਆਨ ਰੱਖ ਸਕੇ।ਛੋਟੀ ਉਮਰ ਵਿੱਚ ਹੀ ਉਸ ਦਾ ਵਿਆਹ ਕਰ ਦਿੱਤਾ ਗਿਆ।ਵਿਆਹ ਤੋ 12 ਸਾਲਾ ਬਾਅਦ ਸੁਖਵਿੰਦਰ ਨੇ ਆਪਣੀ ਪੜ੍ਹਾਈ ਦੁਬਾਰਾ ਸ਼ੁਰੂ ਕੀਤੀ ।ਉਹ ਆਪਣੇ ਬੱਚਿਆਂ ਦੇ ਨਾਲ ਸਕੂਲ ਜਾਂਦੀ ਸੀ।ਫਿਰ ਉਸ ਤੋ ਬਾਅਦ ਗ੍ਰੈਜੂਏਸ਼ਨ ਅਤੇ ਫਿਰ ਪੋਸਟ ਗ੍ਰੈਜੂਏਸ਼ਨ ਪੂਰੀ ਕੀਤੀ ।ਉਸ ਤੋ ਬਾਅਦ ਸੁਖਵਿੰਦਰ ਅੰਮ੍ਰਿਤ ਨੇ ਇੱਕ ਸਾਲ ਸਰਕਾਰੀ ਕਾਲਜ ਵਿੱਚ ਨੋਕਰੀ ਕੀਤੀ । ਬੀ.ਏ. ਐਮ.ਏ. ਦੀ ਪੜ੍ਹਾਈ ਕਰਦਿਆ ਸ਼ਿਵ ਕੁਮਾਰ ਨੂੰ ਪੜ੍ਹ ਕੇ ਉਸ ਦੇ ਅੰਦਰ ਵੀ ਪਾਹਿਜ ਜਾਗੀ ਕਿ ਲੂਣਾ ਦੇ ਅਣ ਦੱਸੇ ਜਜ਼ਬਾਤਾਂ ਨੂੰ ਸਮਝਣ ਵਾਲਾ ਕੋਈ ਸ਼ਿਵ ਜੇ ਮੈਨੂੰ ਵੀ ਮਿਲ ਪਵੇ ਤਾਂ ਮੈਂ ਵੀ ਆਪਣੀਆਂ ਕਵਿਤਾਵਾਂ ਦੀ ਪੇਸ਼ਕਾਰੀ ਦੁਨੀਆਂ ਅੱਗੇ ਕਰ ਸਕਾਂ। ਫਿਰ ਕਿਸੇ ਵਲੋਂ ਉਨ੍ਹਾਂ ਦਿਨਾਂ ਦੇ ਚਰਚਿਤ ਸ਼ਾਇਰ ਸੁਰਜੀਤ ਪਾਤਰ ਬਾਰੇ ਪਤਾ ਲੱਗਣ 'ਤੇ ਉਹ ਆਪਣੀ ਪਤੀ ਨਾਲ ਉਨ੍ਹਾਂ ਨੂੰ ਮਿਲਣ ਗਈ, ਜਿਨ੍ਹਾਂ ਨੇ ਆਪ ਦੀਆਂ ਕਾਵਿਕ- ਰੁਚੀਆਂ ਦਾ ਮੁੱਲ ਪਾਇਆ। ਸੁਖਵਿੰਦਰ ਅੰਦਰ ਛਪੀ

ਪ੍ਰਤਿਭਾਸ਼ਾਲੀ ਕਵਿਤਰੀ ਅਤੇ ਗਜ਼ਲਗੋ ਦੀ ਸ਼ਖ਼ਸੀਅਤ ਨੂੰ ਆਪਣੇ ਕਾਵਿਕ ਤਜ਼ਰਬੇ ਅਨੁਸਾਰ ਪਾਤਰ ਨੇ ਸੰਵਾਰਿਆ ਤੇ ਪੰਜਾਬੀ ਪਾਠਕ ਜਗਤ ਰੂ -ਬ-ਰੂ ਕਰਨ ਵਿਚ ਅਹਿਮ ਰੋਲ ਅਦਾ ਕੀਤਾ ।

ਇਕ ਆਮ ਕਿਸਾਨੀ ਪਰਿਵਾਰ ਵਿਚ ਪਿਉ ਦੇ ਦਬਦਬੇ ਹੇਠ ਪਲੀ ਧੀ ਅਤੇ ਪਤੀ ਦੀ ਹਕੂਮਤ ਵਿਚ ਰਹਿਣ ਵਾਲੀ ਪਤਨੀ ਦੇ ਤੌਰ 'ਤੇ ਹੰਢਾਏ ਜੀਵਨ ਅਨੁਭਵਾਂ ਨੂੰ ਨਿੱਜ ਤੋਂ ਪਰ ਤੱਕ ਦਾ ਵਿਸਥਾਰ ਦੇ ਕੇ ਸੁਖਵਿੰਦਰ ਜਦੋ ਔਰਤ ਜਾਤੀ ਦੇ ਅਣਗੋਲੇ ਰਹਿਣ ਦੀ ਪੀੜਾ ਨੂੰ ਪੇਸ਼ ਕਰਦੀ ਹੈ ਤਾਂ ਉਸ ਦਾ ਪਿਆਰ ਅਤੇ ਸ਼ਿੱਦਤ ਭਰਿਆ ਕਾਵਿ ਉਹ ਸਮਾਜਿਕ ਦਸਤਾਵੇਜ ਬਣ ਜਾਂਦਾ ਹੈ ਜੋ ਔਰਤ ਨੂੰ ਦਰਪੇਸ਼ ਚੁਣੋਤੀਆਂ ਦਾ ਇਤਿਹਾਸ ਵੀ ਹੈ ਅਤੇ ਭਵਿੱਖ ਦਾ ਆਸ਼ਾਵਾਦੀ ਸੁਨੇਹਾ ਵੀ ਹੈ । ਹਰ ਹੀਲੇ ਜ਼ਿੰਦਗੀ ਪ੍ਰਤੀ ਹਾਂ ਪੱਖੀ ਰਵੱਈਆ ਰੱਖਣ ਵਾਲੀ ਇਸ ਕਵਿਤਰੀ ਨੇ ਹੇਠ ਲਿਖੀਆਂ ਰਚਨਾਵਾਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਥੋੜ੍ਹੇ ਸਮੇਂ ਵਿਚ ਹੀ ਚਾਰ ਚੰਨ ਲਗਾ ਦਿੱਤੇ ਹਨ।

(ੳ) ਗਜ਼ਲ ਸੰਗ੍ਰਹਿ

1 ਸੂਰਜ ਦੀ ਦਹਿਲੀਜ 1997

2. ਚਿਰਾਗਾਂ ਦੀ ਡਾਰ1999

3. ਪਤਝੜ ਵਿਚ ਪੁੰਗਰਦੇ ਪੱਤੇ2002

4. ਕੇਸਰ ਦੇ ਛਿੱਟੇ (ਸੰਪਾਦਿਤ)2003

(ਅ) ਕਾਵਿ-ਸੰਗ੍ਰਹਿ

1 ਕਣੀਆਂ2000

2 ਧੁੱਪ ਦੀ ਚੁੰਨੀ2006

ਪੰਜਾਬੀ ਕਾਵਿ-ਜਗਤ ਦੇ ਖੇਤਰ ਵਿਚ ਸੁਖਵਿੰਦਰ ਅੰਮ੍ਰਿਤ ਨੇ ਚਾਰ ਗਜ਼ਲ ਸੰਗ੍ਰਹਿ ਤੇ ਦੋ ਕਾਵਿ ਸੰਗ੍ਰਹਿਆਂ ਦੀ ਰਚਨਾ ਕੀਤੀ ਹੈ। 'ਸੂਰਜ ਦੀ ਦਹਿਲੀਜ਼' ਤੋਂ ਆਪਣੇ ਕਾਵਿਕ ਸਫ਼ਰ ਦੀ ਸ਼ੁਰੂਆਤ ਕਰਨ ਵਾਲੀ ਇਸ ਕਵਿਤਰੀ ਨੇ ਪਹਿਲੇ ਗਜ਼ਲ ਸੰਗ੍ਰਹਿ ਤੋਂ ਹੀ ਆਪਣੀ ਵਿਲੱਖਣ ਪਛਾਣ ਸਥਾਪਿਤ ਕਰ ਲਈ ਸੀ । ਜਿਥੇ ਉਸ ਦੇ ਆਪਣੇ ਜੀਵਨ ਦਾ ਸੰਘਰਸ਼, ਬੰਦਿਆ ਨਾਲ ਟੱਕਰ ਉਸ ਦੇ ਜੀਵਨ ਤਜਰਬੇ ਨੂੰ ਵਿਸ਼ਾਲ ਕਰਦਾ ਹੈ, ਉਥੇ ਉਸਦੇ ਅਹਿਸਾਸਾਂ ਦਾ ਪਿਆਰ, ਸ਼ਿੱਦਤ ਅਤੇ ਸਮਰਪਣ ਨਾਲ ਭਰਪੂਰ ਹੋਣਾ ਉਸ ਦੇ ਕਾਵਿਕ-ਅੰਦਾਜ਼ ਨੂੰ ਇੱਕ ਨਵਾਂ ਰੰਗ ਬਖਸ਼ਦਾ ਹੈ।

ਔਰਤ ਮਨ ਦਾ ਕਾਵਿ ਨਾਲ ਉਸ ਸਮੇ ਤੋ ਸੰਬੰਧ ਹੈ,ਜਦੋ ਉਸ ਨੂੰ ਸਮਾਜ ਵਿੱਚ ਅੱਗੇ ਆਉਣ ਦੀ ਆਗਿਆ ਨਹੀ ਸੀ।ਉਸ ਨੂੰ ਪੜਾਇਆ ਲਖਾਇਆ ਵੀ ਨਹੀ ਜਾਦਾਂ ਸੀ ਅਤੇ ਕਲਮ ਦਾ ਉਸ ਨਾਲ ਕੋਈ ਦੂਰ-ਦੂਰ ਤੱਕ ਦਾ ਵਾਸਤਾ ਨਹੀ ਸੀ ਔਰਤਾਂ ਲਈ ਸਕੂਲ ਦੀ ਕਲਪਨਾ ਕਰਨਾ ਮੁਸ਼ਕਿਲ ਸੀ।ਉਸ ਸਮੇ ਔਰਤਾਂ ਦੇ ਮਨ ਵਿੱਚ ਉੱਠਦੇ ਭਾਵਾ ਨੂੰ ਲੋਕ ਗੀਤਾ ਵਿੱਚ ਪਰੋ੍ਹ ਕੇ ਸਮੂਹਿਕ ਕਾਵਿ ਦੀ ਸਿਰਜਨਾ ਕਰਦੀ ਸੀ। ਉਸਨੇ ਲੋਕ ਗੀਤਾਂ ਵਿਚ ਹੀ ਨਹੀਂ ਸਗੋਂ ਗ਼ਜ਼ਲ ਕਾਵ ਰੂਪ ਵਿੱਚ ਕਲਮ ਅਜਮਾਈ ਕੀਤੀ।ਉਹ ਗਜਲ ਵਿੱਚ ਸ਼ਾਇਰੀ ਦਾ ਬਹੁਤ ਮਹੱਤਵ ਦੱਸਦੀ ਹੈ। ਸੁਖਵਿੰਦਰ ਅੰਮ੍ਰਿਤ ਲਿਖਦੀ ਹੈ ਕਿ ਸ਼ਾਇਰੀ ਦਿਲ ਦੇ ਲਹੂ ਨਾਲ ਲਿਖੀ ਜਾਦੀ ਹੈ।ਉਹ ਸ਼ਾਇਰੀ ਰਾਹੀ ਸਮਾਜ ਦਾ ਚਿਤਰਨ ਕਰਦੀ ਹੈ ਅਤੇ ਸਮਾਜ ਦਾ ਮਾਰਗ ਦਰਸ਼ਨ ਨੂੰ ਪੇਸ਼ ਕਰਨਾ ਉਸਦਾ ਉਦੇਸ਼ ਬਣ ਕੇ ਸਾਹਮਣੇ ਆਉਂਦਾ ਹੈਂ

ਪੰਜਾਬੀ ਕਵਿਤਾ ਅਤੇ ਗਜ਼ਲ ਵਿੱਚ ਭੂ-ਹੇਰਵੇ ਨੂੰ ਵਿਸ਼ੇਸ ਸਰੋਕਾਰ ਵਜੋਂ ਲਿਆ ਗਿਆ ਹੈਂ ਦੇਸ਼ ਤੋ ਬਾਹਰ ਗਏ ਲੇਖਕ ਕਵੀ ਅਤੇ ਸ਼ਾਇਰ ਇਹ ਅਹਿਸਾਸ ਬਹੁਤ ਬਾਰਿਕੀ ਨਾਲ ਚਿੱਤਰ ਕੇ ਆਪਣੇ ਮਿੱਟੀ ਦੇ ਮੋਹ ਦਾ ਪ੍ਰਦਸ਼ਨ ਕਰਦੇ ਰਹੇ ਹਨ। ਸੁਰਜੀਤ ਸਖੀ ਇਸ ਤਰ੍ਹਾਂ ਦੀ ਰਚਨਾ ਹੋਰ ਪ੍ਰਵਾਸੀ ਲੇਖਕਾ ਵਾਂਗ ਭੂ-ਹੇਰਵੇ ਨੂੰ ਫੈਸ਼ਨ ਬਣਾ ਕੇ ਪੇਸ਼ ਨਹੀ ਕਰਦੀ, ਸਗੋਂ ਘਰ ਤੋ ਵਿੱਛੜੇ ਹੋਣ ਦਾ ਅਹਿਸਾਸ ਉਸ ਦੀਆਂ ਗਜਲਾਂ ਵਿੱਚ ਸੁੱਤੇ -ਸਿੱਧ ਹੀ ਪ੍ਰਵੇਸ਼ ਕਰ ਜਾਂਦਾ ਹੈ।ਅੱਜ ਕੱਲ ਸੁਰਜੀਤ ਸਖੀ ਅਮਰੀਕਾ ਵਿੱਚ ਰਹਿੰਦੀ ਹੋਈ ਪੰਜਾਬ ਦੀ ਧਰਤੀ ਦੀਆ ਗਜਲਾਂ ਲ਼ਿਖ ਰਹੀ ਹੈ।ਸੱਤ ਸਮੁੰਦਰ ਪਾਰ ਵੀ ਘਰ ਦਾ ਪਿਆਰ ਅਤੇ ਯਾਦ ਉਸ ਤੱਕ ਹੋਰ ਜਿਆਦਾ ਅਸਰ ਕਰਦੀ ਹੈ ਅਤੇ ਬਹਿਬਰ ਹੋ ਕਿ ਲ਼ਿਖਦੀ ਹੈ-

ਤਿਰੀ ਖੁਸਬੂ ਸਿਰੇ ਯਾਰਾ ਸਮੁੰਦਰ ਪਾਰ ਕਰ ਆਈ
ਤਿਰੇ ਨਾਲ ਵੀ ਤੇਰੀ ਯਾਦ ਹੁਣ ਜ਼ਿਆਦਾ ਨਿਖਰ ਆਈ
ਸਿਰੇ ਤੱਕ ਪਹੁੰਚਦੀ ,ਸ਼ੇਲੀ ਪੁਰਾਣ ਹੋ ਹੀ ਜਾਂਦੀ ਏ
ਘਰੋ ਕਿੰਨੀ ਵੀ ਸਜ਼ ਕੇ ਸਵਰ ਕੇ ਤਾਜ਼ਾ ਖਬਰ ਆਈ
ਤਿਰੇ ਹੱਥਾਂ ਦੀ ਛੂਹ ਵੰਡੀ ਗਈ,ਕਈਆਂ ਦੇ ਹੱਥਾ ਵਿੱਚ
ਤਿਰੀ ਚਿੱਠੀ ਹਜ਼ਾਰਾਂ ਮੀਲ ਦਾ ਕਰ ਕੇ ਸਰ ਆਈ 1[1]

ਆਧੁਨਿਕ ਨਾਰੀ ਕਾਵਿ ਵਿੱਚ ਸ਼ਾਇਰੀ ਇੱਕ ਖ਼ਾਸ ਅਹਿਮੀਅਤ ਰੱਖਦੀ ਜਾ ਰਹੀ ਹੈ ਬਹੁਤ ਸਾਰੀਆਂ ਸ਼ਾਇਰਾਵਾਂ ਜਿਵੇਂ ਸੁਖਵਿੰਦਰ ਅੰਮ੍ਰਿਤ, ਕਮਲ ਇਕਾਰਸੀ, ਸੁਰਜੀਤ ਸਖੀ ਅਤੇ ਕੁਲਦੀਪ ਕਲਪਨਾ ਦਾ ਨਾਂ ਵਿਸ਼ੇਸ਼ ਉੱਘੜਦਾ ਹੈ। ਸੁਖਵਿੰਦਰ ਅੰਮ੍ਰਿਤ ਦੀ ਗ਼ਜ਼ਲ ਵਿੱਚ ਨਿਡਰਤਾ, ਨਿਡੱਕਤਾ ਅਤੇ ਨਿਰੰਤਰਤਾ ਦਾ ਪ੍ਰਗਟਾਵਾ ਉੱਚ ਕਾਵਿਕ ਵਿਧੀ ਰਾਹੀਂ ਪੇਸ਼ ਹੋਇਆ ਹੈ।ਗ਼ਜ਼ਲ ਗਹਰੀ ਔਰਤ ਦੀ ਮਜਬੂਤੀ ਦਾ ਅਹਿਸਾਸ ਕਰਵਾਉਂਦੀ ਹੈ।

ਸਿੰਦਤ ਰਿਹਾਈ ਜਦੋਂ ਲਹਿਰਾਂ 'ਚ ਘੁਲ ਗਈ
ਰੋਕਿਆ ਕਿਨਾਰੀਆ ਤੋਂ ਫਿਰ ਨਕੀਆਂ ਦਾ ਰਾਹ ਨਹੀਂ
ਜਾਂ ਫਿਰ
ਤੂੰ ਇਨ੍ਹਾਂ ਸ਼ਿਕਰਿਆਂ ਦੇ ਵਾਸਤੇ ਬਣ ਕੇ ਚੁਨੌਤੀ ਰਹਿ
ਝੁਕੇ ਕਿਉਂ ਸਿਰ ਤੇਰਾ ਨੀ ਵੀ ਤੇਰੀ ਪਰਵਾਜ਼ ਕਿਉ ਹੋਵੇ।[2]

ਉਸ ਦੇ ਸ਼ਿਅਰ ਸੁਹਜਵਾਦੀ ਹਨ, ਪਰ ਇਸ ਵਿਚਲੀ ਔਰਤ ਨਿਮਾਣੀ, ਵਿਚਾਰੀ ਜਾਂ ਤਰਸ ਦੀ ਪਾਤਰ ਨਹੀਂ ਸਗੋਂ ਆਪਣੇ ਰਾਹ ਖੁਦ ਤਲਾਸ਼ ਕਰਕੇ ਸਮਾਜ ਸਾਹਮਣੇ ਚੁਨੌਤੀ ਬਣਨ ਦਾ ਮਾਦਾ ਰੱਖਦੀ ਹੈ। ਇਹ ਨਜ਼ਮ ਅਤੇ ਕਵਿਤਾ ਦੀ ਡੂੰਘੀ ਸੂਝ ਰੱਖਦੀ ਹੈ 'ਸੱਪ ਤੇ ਮੋਰ ਕਵਿਤਾ'ਵਿੱਚ ਚੇਤਨਾ ਮੂਲਕ ਭਾਵਾਂ ਨੂੰ ਖੂਬਸੂਰਤ ਬਿੰਬਾਵਲੀ ਵਿੱਚ ਪਰੋ ਕੇ ਪੇਸ਼ ਕੀਤਾ ਹੈ':

ਕੁਝ ਚਿਰ ਆਇਆ ਸੀ
ਉਝਾਂ ਦੇ ਫੁੱਕਰਿਆ ਤੇ

ਰੋਸ ਰਿਹਾ
ਫਿਰ ਮਨ ਦੇ ਮੋਰ ਨੇ
ਸੱਪਾਂ ਦੇ ਸਿਰਾਂ ਤੇ ਨੱਚਣਾ ਸਿੱਖ ਲਿਆ।[3]

ਔਰਤ ਬੇਸ਼ੱਕ ਪਰੰਪਰਾਵਾਂ ਵਿੱਚ ਕੈਦ ਹੈ ਪਰ ਉਸ ਦੇ ਦਿਲ ਵਿੱਚ ਅੰਬਰਾਂ ਤੱਕ ਉੱਡਣ ਦੀ ਖਾਹਿਸ਼ ਹੈ। ਉਸਦੇ ਜਿਹਨ ਵਿੱਚ ਅੰਬਰ ਦਾ ਹੀ ਖਿਆਲ ਰਹਿੰਦਾ ਹੈ। ਇਸ ਤਰ੍ਹਾਂ ਦੀ ਕਲਪਨਾ ਨਦੀ ਵਿੱਚ ਤੈਰ ਕੇ ਹੀ ਉਸ ਦੇ ਕੁੱਖਾਂ ਨੂੰ ਕੁਝ ਸਕੂਨ ਦਾ ਅਹਿਸਾਸ ਹੁੰਦਾ ਹੈ ਔਰਤ ਇਸ ਉਮੀਦ ਨਾਲ ਹੀ ਸਮਾਂ ਕੱਟਦੀ ਹੈ ਕਿ ਸਦੀਂ ਦੇ ਪਰਿਵਰਤਨ ਨਾਲ ਕੁਝ ਤਾਂ ਤਬਦੀਲੀ ਵਾਪਰੇਗੀ ਅਤੇ ਉਹ ਇੱਕ ਅਜਾਦ ਦੁਨੀਆ ਵਿੱਚ ਸਾਰ ਲੈ ਸਕੇਗੀ ਅਜ਼ਾਦੀ ਦੀ ਤਾਂਘ ਉਸਨੂੰ ਲੜਨ ਲਈ ਮਜ਼ਬੂਰ ਕਰਦੀ ਹੈ ਤੇ ਉਹ ਆਪਣੇ ਇਸ ਜੀਵਨ ਚੱਕਰਵਿਊ ਨੂੰ ਬਦਲਣਾ ਲੋਚਦੀ ਹੈ। ਅਤੇ ਆਪਣੇ ਸੁਪਨਿਆਂ ਆਪਣੇ ਵਿਚਾਰਾਂ ਵਿੱਚ ਸਦਾ ਲੜਨ ਲਈ ਸੋਚਦੀ ਹੈ।

ਸੁਖਵਿੰਦਰ ਅੰਮ੍ਰਿਤ ਆਪਣੇ ਵਿਰਸੇ ਪ੍ਰਤੀ ਅੰਤਾਂ ਦਾ ਮੋਹ ਰੱਖਦੀ ਹੈ। ਇਸ ਨੂੰ ਕਾਇਮ ਰੱਖਣਾ ਚਾਹੁੰਦੀ ਹੈ। ਆਪਣੀਆਂ ਗਜ਼ਲਾਂ ਰਾਹੀਂ ਕੁੜੀਆਂ ਦੁਆਰਾ ਚੁੰਨੀਆਂ ਦਾ ਸੱਭਿਆਚਾਰ ਭੁੱਲਣ ਤੇ ਦੁੱਖ ਪ੍ਰਗਟ ਕਰਦੀ ਹੈ।

ਇਹ ਵਿਰਸਾ ਕਿਸ ਨੂੰ ਕਹਿੰਦੇ ਨੇ ਤੇ ਇਹ ਤਹਿਜੀਬ ਕੀ ਹੁੰਦੀ ਅਜਾਇਬ ਘਰ 'ਚ ਚਰਚਾ ਕਰਦੀਆਂ ਸੀ ਚੁੰਨੀਆਂ ਇੱਕ ਦਿਨ।'ਨੀਲਿਆ ਮੋਰਾ ਵੇ' ਦੀ ਭੂਮਿਕਾ ਵਿੱਚ ਸੁਖਵਿੰਦਰ ਅੰਮ੍ਰਿਤ ਮਨੁੱਖ ਆਪਣੇ ਇਲਿਹਾਸ ਵਿੱਚ ਕਦੇ ਵੀ ਸੰਗੀਤ ਤੋਂ ਸੱਖਣਾ ਨਹੀ ਰਿਹਾ। ਕਿਹਾ ਜਾਂਦਾ ਹੈ, ਬਹਿਮੰਡ ਦੀ ਮੌਜੂਦਗੀ ਤੋਂ ਪਹਿਲਾਂ ਵੀ ਧੁਨੀ ਮੌਜੂਦ ਸੀ। ਭਾਸ਼ਾ ਦੀ ਹੋਂਦ ਤੋਂ ਪਹਿਲਾਂ ਮਨੁੱਖ ਕੇਵਲ ਸੰਗੀਤਕ ਧੁਨੀਆਂ ਨਾਲ ਹੀ ਆਪਣੇ ਮਨ ਨੂੰ ਤ੍ਰਿਪਤ ਕਰ ਲੈਂਦਾ ਸੀ। ਭਾਸ਼ਾ ਸਿਰਜਣਾ ਮਗਰੋਂ ਧੁਨੀਆਂ ਵਿੱਚ ਸਬਦਾਂ ਨੂੰ ਗੀਤ ਆਖਿਆ ਜਾਂਦਾ ਹੈ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਮਨ ਦੇ ਕੋਮਲ ਤੇ ਗਹਿਰੇ ਅਹਿਸਾਸ ਦਾ ਪ੍ਰਗਟਾਅ ਕਰਦਾ ਹੈ। ਪਹਿਲਾਂ-ਪਹਿਲ ਗੀਤ ਸਿਰਫ਼ ਮੌਖਿਕ ਰੂਪ ਵਿੱਚ ਹੀ ਪ੍ਰਚਲਿਤ ਹੁੰਦੇ ਸਨ। ਇੱਕ ਗੀਤ ਸਿਰਫ਼ ਮੌਖਿਕ ਰੂਪ ਵਿੱਚ ਹੀ ਪ੍ਰਚਲਿਤ ਹੁੰਦੇ ਸਨ। ਇੱਕ ਗੀਤ ਸਿਰਜਣ, ਸੰਵਾਰਨ, ਨਿਖਾਰਨ ਤੇ ਪ੍ਰਚਾਰਨ ਵਿੱਚ ਬਹੁਗਿਣਤੀ ਲੋਕਾਂ ਦੀ ਸ਼ਮੂਲੀਅਤ ਹੁੰਦੀ ਸੀ। ਇਸੇ ਕਰਕੇ ਉਹਨਾਂ ਗੀਤਾਂ ਨੂੰ ਲੋਕ ਗੀਤ ਕਿਹਾ ਜਾਣ ਲੱਗਿਆ। ਅੱਜ ਦੇ ਯੁੱਗ ਵਿੱਚ ਹਰ ਸਾਹਿਤਕ ਸੰਗੀਤਕ ਰਚਨਾ, ਉਸ ਦੇ ਰਚਨਹਾਰ ਦੇ ਨਾਮ ਨਾਲ ਜੁੜ ਕੇ ਹੀ ਲੋਕਾਂ ਤਕ ਪਹੁੰਚਦੀ ਹੈ।

ਸੁਖਵਿੰਦਰ ਅੰਮ੍ਰਿਤ ਦੀ ਨਵੀਨਤਮ ਰਚਨਾ 'ਨੀਲਿਆ ਮੋਰਾ ਵੇ ਇੱਕ ਬਹੁਰੰਗੀ ਗੀਤ ਸੰਗ੍ਰਹਿ ਹੈ। ਇਸ ਵਿੱਚ ਵੱਖ ਵੱਖ ਵਿਆਹਾਂ ਨਾਲ ਸੰਬੰਧਿਤ ਗੀਤਾ ਨੂੰ ਸ਼ਾਮਿਲ ਕੀਤਾ ਗਿਆ ਹੈ।

**ਰਾਜਨੀਤੀ ਵਿੱਚ ਫੈਲ ਰਹੇ ਭ੍ਰਿਸ਼ਟਾਚਾਰ** ਬਾਰੇ ਸੁਖਵਿੰਦਰ ਅੰਮ੍ਰਿਤ ਕਈ ਗ਼ਜ਼ਲਾਂ ਵਿੱਚ ਇਸ ਦੀ ਚਰਚਾ ਕਰਦੀ ਹੈ, ਕੁਰਸੀ ਪ੍ਰਤੀਕ ਰਾਹੀਂ ਮੌਜੂਦਾ ਸਰਕਾਰ ਬਾਰੇ ਦੱਸਦੀ ਹੈ ਜੋ ਕਿ ਦੇਸ਼ ਦੀ ਹਾਲਤ ਨੂੰ ਦਿਨੋਂ-ਦਿਨ ਹੋਰ ਵਿਗਾੜ ਰਹੀ ਹੈ ਉਹਨਾਂ ਨੂੰ ਹੋਸ ਕਰਨ ਲਈ ਪ੍ਰੇਰਦੀ ਹੈ। ਉਹ ਆਉਣ ਵਾਲੀ ਪੀੜ੍ਹੀ ਨੂੰ ਵੀ ਹਿੰਮਤ ਅਤੇ ਦਲੇਰੀ ਦਾ ਸੰਦੇਸ਼ ਦਿੰਦੇ ਆਖਦੀ ਹੈ। ਆਪਣੀ ਧੀ ਰਾਹੀਂ ਉਹ ਪਿਆਰ ਅਤ ਬਰਾਬਰੀ ਦੇ ਅਕਸ ਨੂੰ ਉਭਾਰਦੀ ਹੈ ਕਿ ਸਮਾਜ ਵਿੱਚ ਵਾਪਰਦੀ ਔਰਤ ਮਰਦ ਦੀ ਫਾਬਗਬਚੀ ਤੋਂ ਮੁਕਤ ਆਉਣ ਵਾਲੀ ਪੀੜ੍ਹੀ ਨੂੰ ਹੀ ਕਰਵਾਉਣਾ ਪਵੇਗਾ। ਕਿਸੇ ਹਾਲਤ ਵਿੱਚ ਉਹ ਮਰਦ ਦੇ ਪੈਰ ਦੀ ਜੁੱਤੀ ਬਣਨਾ ਸਵੀਕਾਰ ਨਹੀਂ ਕਰਦੀ ਅਜਿਹੇ ਹਾਲਾਤ ਵਿੱਚ ਉਹ ਬਾਗੀ ਹੋ ਕੇ ਡਟ ਖਲੋਦੀ ਹੈ ਉਹ ਪਰੰਪਰਾਈ ਔਰਤ ਅਤੇ ਆਧੁਨਿਕ ਔਰਤ ਵਿਚਕਾਰ ਇੱਕ ਪਾੜੇ ਨੂੰ ਆਪਣੇ ਕਵਿਤਾ ਵਿੱਚ ਪੇਸ਼ ਕਰਦੀ ਹੈ।

ਅੰਮ੍ਰਿਤ ਜੀਵਨ ਨੂੰ **ਆਸ਼ਾਵਾਦੀ ਨਜ਼ਰੀਆ** ਭਰਪੂਰ ਜਿਉਣ ਦੀ ਚਾਅ ਹੈ। ਉਹ ਜੀਵਨ ਦੇ ਹਰ ਅੰਸ਼ ਨੂੰ ਜਿਉਣਾ ਚਾਹੁੰਦੀ ਹੈ। ਬੇਬਾਕ ਅਜ਼ਾਦੀ ਦੀ ਭੁੱਖ ਹੈ ਉਹ ਹਰ ਔਕੜ ਨੂੰ ਪਾਰ ਕਰਨਾ ਲੋਚਦੀ ਹੈ। ਜੀਵਨ ਦੇ ਕੌੜੇ ਅਨੁਭਵ ਵਿੱਚ ਨਿੱਤਰ ਕੇ ਵੀ ਆਸ਼ਵਾਨ ਨਜ਼ਰੀਆਂ ਰੱਖਦੀ ਹੋਈ ਸਮੁੱਚੀ ਔਰਤ ਜਾਤ ਦੇ ਭਾਵਾਂ ਦੀ ਤਰਜਮਾਨੀ ਕਰਦੀ ਹੈ। ਵੱਡੀ ਤੋਂ ਵੱਡੀ ਰੁਕਾਵਟ ਉਸ ਦੇ ਰਾਸਤੇ ਵਿੱਚ ਖਲੋ ਨਹੀਂ ਸਕਦੇ ਉਹ ਸਾਰੇ ਸੰਗਲ ਨੂੰ ਉਲਟਾ ਕਰ ਨੂੰ ਪ੍ਰੇਰਿਤ ਕਰਦੀ ਹੈ। ਹਰ ਰੁਕਾਵਟ ਉਸ ਦੀ ਅਡੋਲਤਾ ਦੇਖ ਕੇ ਹਾਰ ਮੰਨਦੀ ਪ੍ਰਤੀਤ ਹੁੰਦੀ ਹੈ।

ਵੇਖ ਕੇ ਮੇਰੀ ਅਡੋਲਤਾ
ਸੁੱਟ ਦਿੱਤੇ ਮੇਰੀ ਮੌਤ ਨੇ ਆਪਣੇ ਹਥਿਆਰ

ਮੇਰੇ ਸੀਨੇ ਚੋਂ ਤੜਕ ਉੱਠਿਆ ਜੀਵਨ
ਮੇਰੇ ਕਦਮਾਂ 'ਚ ਮਚਲ ਪਈ ਰਫ਼ਤਾਰ
ਪਿਘਲ ਗਈਆਂ ਮੇਰੇ ਪੈਰਾਂ ਵਿਚਲੀਆਂ ਬੇੜੀਆਂ
ਸਾਹ ਸਤ-ਹੀਣ ਹੋ ਗਈ ਬੇਬਸੀ ਦੀ ਤਲਵਾਰ। 4

ਉਸ ਦੀਆਂ ਕਵਿਤਾਵਾਂ ਵਿੱਚ ਸਮੁੱਚੀ ਔਰਤ ਜਾਤ ਪ੍ਰਤੀ ਹਮਦਰਦੀ ਦੇ ਭਾਵ ਹਨ। ਉਥੇ ਉਹ ਔਰਤ ਨੂੰ ਜ਼ੁਲਮਾਂ ਵਿਰੁੱਧ ਲੜਨ ਲਈ ਪ੍ਰੇਰਿਤ ਕਰਦੀ ਹੈ। ਉਹ ਮੌਜੂਦਾ ਔਰਤ ਵਿਰੋਧੀ ਖੋਖਲੀਆਂ ਰੀਤਾਂ ਨੂੰ ਵੰਗਾਰਦੀ ਹੋਈ ਰੀਤੀ-ਰਿਵਾਜਾਂ ਦਾ ਵਿਰੋਧ ਕਰਦੀ ਹੈ। ਇਹਨਾਂ ਰੀਤੀ ਰਿਵਾਜ਼ਾਂ ਦੀ ਹੋਂਦ ਕਦੋਂ ਹੋਈ ਕਿਉਂ ਹੋਈ ਇਹਨਾਂ ਸਵਾਲਾਂ ਤੇ ਪ੍ਰਸ਼ਨ ਚਿੰਨ੍ਹ ਲਗਾਉਦੀ ਹੋਈ ਆਉਣ ਵਾਲੀਆਂ ਨਸਲਾਂ **ਨਵੀ ਪੀੜ੍ਹੀ ਨੂੰ ਪ੍ਰੇਰਨਾ** ਲਈ ਇੱਕ ਸੰਦੇਸ਼ ਲਿਖਦੀ ਹੈ ਤੇ ਆਪਣੇ ਸਮਾਜ ਲਈ ਆਜ਼ਾਦੀ ਲਈ ਤਾਂਘਦੀ ਹੋਈ ਆਪਣੀ ਧੀ ਭਾਵ ਭਾਵੀ ਔਰਤ ਨੂੰ ਥਾਂ ਜੁਲਮਾਂ ਵਿਰੁੱਧ ਲੜਨ ਦਾ ਸੰਦੇਸ਼ ਦਿੰਦੀ ਪ੍ਰਤੀਤ ਹੁੰਦੀ ਹੈ।

ਤੇ ਮੈਂ ਆਪਣੀ ਧੀ ਨੂੰ ਸਮਝਾਇਆ
ਕਦਮ ਕਦਮ 'ਤੇ
ਦੀਵਾਰਾਂ ਨਾਲ ਸਮਝੌਤਾ ਨਾ ਕਰੀਂ
ਆਪਣੀਆਂ ਉਡਾਰੀਆਂ ਨੂੰ
ਪਿੰਜਰਿਆਂ ਕੋਲ ਗਹਿਣੇ ਨਾ ਧਰੀ
ਤੂੰ ਆਪਣੇ ਰੁਤਬੇ ਨੂੰ
ਏਨਾ ਬੁਲੰਦ
ਏਨਾ ਰੋਸ਼ਨ ਕਰੀ
ਕਿ ਹਰ ਹਨੇਰਾ ਤੈਨੂੰ ਵੇਖ ਕੇ ਤ੍ਰਤਕ ਜਾਵੇ
ਹਰ ਦੀਵਾਰ ਤੈਨੂੰ ਦੇਖ ਕੇ ਠਿਠਕ ਜਾਵੇ
ਹਰ ਜ਼ੰਜੀਰ ਤੈਨੂੰ ਵੇਖ ਕੇ ਮੜਕ ਜਾਵੇ
ਤੂੰ ਮਾਣ ਨਾਲ ਜਿਉਂਦੀਂ
ਮਾਣ ਨਾਲ ਮਰੀਂ। 5

ਸੁਖਵਿੰਦਰ ਅੰਮ੍ਰਿਤ ਰਚਿਤ ਕਾਵਿ ਆਪਣੀਆਂ ਵਿਸ਼ੇਸ਼ ਕਲਾਤਮਕ ਜੁਗਤਾਂ ਕਰਦੇ ਸਮੇਂ ਦਾ ਹਾਣੀ ਹੋ ਕੇ ਸੁਨੇਹਾ ਦਿੰਦਾ ਹੈ। ਸੁਖਵਿੰਦਰ ਅੰਮ੍ਰਿਤ ਗ਼ਜ਼ਲ ਵਿੱਚ ਪੁਖਤਾ ਕਦਮ ਕਰਦੀ ਹੋਈ ਨਵੇਂ ਸੁਨੇਹੇ ਅਤੇ ਹਸੀਨ ਜ਼ਿਹਨ ਢੰਗ ਨਾਲ ਆਪਣੀ ਬਾਤ ਪਾਉਂਦੀ ਹੈ। ਅਸਲ ਵਿੱਚ ਹਰ ਲੇਖਕ ਨੂੰ ਉਸ ਦੀਆਂ ਰਚਨਾਵਾਂ ਵਿੱਚ ਅਸਾਨੀ ਨਾਲ ਪਛਾਣੀਆਂ ਜਾ ਸਕਦਾ ਹੈ। ਇਸੇ ਤਰ੍ਹਾਂ ਸੁਖਵਿੰਦਰ ਅੰਮ੍ਰਿਤ ਦੀ ਜੀਵਨ ਦੀ ਸੋਚ ਅਨੁਸਾਰ ਹੀ ਰਚਣ ਪ੍ਰਕਿਰਿਆ ਹੈ।

ਹਵਾਲੇ ਅਤੇ ਟਿੱਪਣੀਆਂ:-


1) ਸੁਰਜੀਤ ਸਖੀ ,ਮੈ ਸਿਕੰਦਰ ਨਹੀ ,ਪੰਨਾ -17

2) ਸੁਖਵਿੰਦਰ ਅੰਮ੍ਰਿਤ ,ਪੱਤਝੜ ਵਿੱਚ ਪੁੰਗਰਦੇ ਪੱਤੇ ,ਪੰਨਾ-25

3) ਸੁਖਵਿੰਦਰ ਅੰਮ੍ਰਿਤ,ਧੁੱਪ ਦੀ ਚੁੰਨੀ ,ਪੰਨਾ -38

4) ਸੁਖਵਿੰਦਰ ਅੰਮ੍ਰਿਤ ,ਪੱਤਝੜ ਵਿੱਚ ਪੁੰਗਰਦੇ ਪੱਤੇ ,ਪੰਨਾ-25

5) ਸੁਖਵਿੰਦਰ ਅੰਮ੍ਰਿਤ ,ਪੱਤਝੜ ਵਿੱਚ ਪੁੰਗਰਦੇ ਪੱਤੇ ,ਪੰਨਾ-25